OFFICE OF THE
DIRECTOR GENERAL OF
POLICE PUNJAB,
CHANDIGARH.

ਦਫਤਰ,
ਡਾਇਰੈਕਟਰ ਜਨਰਲ ਪੁਲਿਸ , ਪੰਜਾਬ,
ਚੰਡੀਗੜ੍ਹ ।

ਪ੍ਰਸ਼ਾਸਨ ਵਿੰਗ
(ਅਮਲਾ-1 ਸ਼ਾਖਾ)

ਵੱਲ

1. ਡੀ.ਜੀ.ਪੀ/ਇੰਟੈਲੀਜੈਂਸ, ਪੰਜਾਬ, ਚੰਡੀਗੜ੍ਹ।
2. ਏ.ਡੀ.ਜੀ.ਪੀ/ਆਰਮਡ ਬਨਜ:, ਜਲੰਧਰ।
3. ਏ.ਡੀ.ਜੀ.ਪੀ/ਬਿਓਰੋ ਆਫ ਇਨਵੈਸਟੀਗੇਸ਼ਨ, ਪੰਜਾਬ, ਚੰਡੀਗੜ੍ਹ।
4. ਏ.ਡੀ.ਜੀ.ਪੀ/ਜੀ.ਆਰ.ਪੀ, ਪੰਜਾਬ, ਪਟਿਆਲਾ।
5. ਮੁੱਖ ਡਾਇਰੈਕਟਰ ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
6. ਸਮੂਹ ਕਮਿਸਨਰੇਟ ਪੁਲਿਸ, ਪੰਜਾਬ।
7. ਸਮੂਹ ਰੇਂਜ ਆਈ.ਜੀ.ਪੀ/ਡੀ.ਆਈ.ਜੀ, ਪੰਜਾਬ।

ਯਾਦ ਪੱਤਰ ਨੰ: 10932-47 /ਈ-1(5)
ਮਿਤੀ, ਚੰਡੀਗੜ੍ਹ: 28/8/18

ਵਿਸਾ :- **ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਉਪਰੰਤ ਮੁੱਖ ਸਿਪਾਹੀਆਂ ਦੀ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿੱਚ ਵੰਡ ਕਰਨ ਸਬੰਧੀ।**

*****

ਹਵਾਲਾ ਇਸ ਦਫਤਰ ਦੇ ਪੱਤਰ ਨੰ: 8919-33/ਈ-1(5) ਮਿਤੀ 26.07.2018, ਉਪਰੋਕਤ ਵਿਸੇ ਦੇ ਸਬੰਧ ਵਿੱਚ।

2. ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਇਸ ਦਫਤਰ ਦੇ ਪੱਤਰ ਨੰ: 6795-6837/ਈ-1(5) ਮਿਤੀ 04.06.2018 ਰਾਹੀਂ ਮਿਤੀ 20.02.2008 ਨੂੰ ਸਰਵਿੰਗ ਮੁੱਖ ਸਿਪਾਹੀਆਂ ਦੀ ਲਿਸਟ ਪੰਜਾਬ ਪੁਲਿਸ ਵੈਬਸਾਈਟ ਤੇ ਅਪਲੋਡ ਕੀਤੀ ਗਈ ਸੀ। ਇਸ ਲਿਸਟ ਵਿੱਚ ਦਰਜ ਆਪ ਜੀ ਦੇ ਅਧੀਨ ਤਾਇਨਾਤ ਕਰਮਚਾਰੀਆਂ ਤੋਂ ਨਿਰਧਾਰਿਤ ਪ੍ਰੋਫਾਰਮੇ ਵਿੱਚ ਕੇਡਰਵਾਈਜ ਆਪਸ਼ਨ ਲੈ ਕੇ 21 ਦਿਨਾਂ (ਮਿਤੀ 25.06.2018 ਤੱਕ) ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜਣ ਲਈ ਲਿਖਿਆ ਗਿਆ ਸੀ।

3. ਇਸ ਦਫਤਰ ਦੇ ਪੱਤਰ ਨੰ: 8919-33/ਈ-1(5) ਮਿਤੀ 26.07.2018 ਰਾਹੀਂ ਵੰਡ ਕਰਨ ਉਪਰੰਤ ਜਿਲਾ ਕੇਡਰ ਦੇ 7218 ਅਤੇ ਆਰਮਡ ਕੇਡਰ ਦੇ 3756 ਮੁੱਖ ਸਿਪਾਹੀਆਂ ਰੈਂਕ ਦੇ ਕਰਮਚਾਰੀਆਂ ਦੀਆਂ ਸੂਚੀਆਂ ਪੰਜਾਬ ਪੁਲਿਸ ਦੀ ਵੈਬਸਾਈਟ ਤੇ ਅਪਲੋਡ ਕੀਤੀਆਂ ਗਈਆਂ ਸਨ ਅਤੇ ਇਹ ਵੀ ਲਿਖਿਆ ਗਿਆ ਸੀ ਕਿ ਕਰਮਚਾਰੀਆਂ ਨੂੰ ਇਸ ਸਬੰਧੀ ਜਾਣੂ ਕਰਵਾਇਆ ਜਾਵੇ ਅਤੇ ਲਿਖਤੀ ਤੌਰ ਤੇ ਪੁੱਛਿਆ ਜਾਵੇ ਕਿ ਉਹਨਾਂ ਨੂੰ ਇਸ ਵੰਡ ਸਬੰਧੀ ਕੋਈ ਇਤਰਾਜ ਹੈ ਜਾਂ ਨਹੀਂ। ਇਸ ਵੰਡ ਸਬੰਧੀ 190 ਕਰਮਚਾਰੀਆਂ ਪਾਸੋਂ ਇਤਰਾਜ ਪ੍ਰਾਪਤ ਹੋਏ ਸਨ, ਜਿਹਨਾਂ ਦੇ ਨਿਪਟਾਰਾ ਇਸ ਦਫਤਰ ਦੇ ਸਪੀਕਿੰਗ ਆਰਡਰ ਨੰ: 10573-673/ਈ-1(5) ਮਿਤੀ 27.08.2018 ਰਾਹੀਂ ਕੀਤਾ ਗਿਆ ਹੈ।

4. ਜਿਲ੍ਹਾ ਪੁਲਿਸ ਕੇਡਰ ਦੇ 7218 ਅਤੇ ਆਰਮਡ ਪੁਲਿਸ ਕੇਡਰ ਦੇ 3756 ਮੁੱਖ ਸਿਪਾਹੀ ਰੈਂਕ ਦੇ ਕਰਮਚਾਰੀਆਂ ਦੀਆਂ ਫਾਇਨਲ ਸੀਨੀਅਰਤਾ ਸੂਚੀਆਂ ਪੰਜਾਬ ਪੁਲਿਸ ਦੀ ਵੈੱਬਸਾਇਟ ਤੇ ਅੱਪਲੋਡ ਕਰ ਦਿੱਤੀਆਂ ਗਈਆਂ ਹਨ।

(ਸੁਪਰਡੰਟ,ਅਮਲਾ-1)
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: 10948-11048 /ਈ-1(5), ਮਿਤੀ: 28/8/18

ਉਪਰੋਕਤ ਦਾ ਉਤਾਰਾ ਪੰਜਾਬ ਪੁਲਿਸ ਦੇ ਸਮੂਹ ਦਫਤਰਾਂ ਦੇ ਮੁੱਖੀਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

(ਸੁਪਰਡੰਟ,ਅਮਲਾ-1)
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: 11049 /ਈ-1(5), ਮਿਤੀ : 28/8/18

ਉਪਰੋਕਤ ਦਾ ਉਤਾਰਾ ਇੰਚਾਰਜ, ਪੰਜਾਬ ਪੁਲਿਸ ਵੈਬਸਾਈਟ ਨੂੰ ਪੰਜਾਬ ਪੁਲਿਸ ਤੇ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

(ਸੁਪਰਡੰਟ,ਅਮਲਾ-1)
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।